Surrey Schools
LEADERSHIP IN LEARNING

Tel: 604.596.7733
www.surreyschools.ca

# ਮੌਸਮ ਸਬੰਧੀ ਸਕੂਲ ਬੰਦ ਕਰਨੇ, ਲੇਟ ਖੋਲ੍ਹਣੇ ਜਾਂ ਕਲਾਸਾਂ ਰੱਦ ਕਰਨ ਲਈ ਜਾਣਕਾਰੀ

## Weather-related closures, cancellations & delayed openings

ਬੱਚਿਆਂ ਨੂੰ ਵਿਦਿਆ ਦੇਣ ਤੋਂ ਇਲਾਵ੍ਹਾ, ਇਹ ਵੀ ਆਸ ਰੱਖੀ ਜਾਂਦੀ ਹੈ ਕਿ ਸਕੂਲ ਬੱਚਿਆਂ ਲਈ ਇੱਕ ਸੁਰਿੱਖਅਤ ਅਤੇ ਨਿਗਰਾਨੀ ਭਰਪੂਰ ਵਾਤਾਵਰਨ ਹੋਣ ਜਿਥੇ ਹਰ ਰੋਜ਼ ਬੱਚੇ ਹਾਜ਼ਿਰ ਹੋਣ। ਜਦੋਂ ਵੀ ਕਿਸੇ ਕਾਰਣ, ਸਕੂਲ ਬੰਦ ਕਰਨ, ਲੇਟ ਖ੍ਹੋਲਣ ਜਾਂ ਕਲਾਸਾਂ ਰੱਦ ਕਰਨ ਦੀ ਜ਼ਰੂਰਤ ਪਵੇ ਤਾਂ ਇਸ ਤਰਾਂ ਦੇ ਫੈਸਲੇ ਦਾ ਹਜ਼ਾਰਾਂ ਪ੍ਰੀਵਾਰਾਂ ਉਪਰ ਅਸਰ ਪੈਂਦਾ ਹੈ। ਇਸ ਤਰਾਂ ਦੀ ਹਾਲਤ ਵਿੱਚ ਬਹੁਤ ਪ੍ਰੀਵਾਰ ਬੱਚਿਆਂ ਦੀ ਦੇਖਭਾਲ ਦਾ ਬੰਦੋਬਾਸਤ ਕਰਨ ਲਈ ਅਸਮਰਥ ਹਨ।

ਇਸ ਲਈ ਸਕੂਲ ਬਰਫ ਪੈਣ ਦੌਰਾਨ ਜਾ ਮੌਸਮ ਦੀ ਤਬਦੀਲੀ ਕਾਰਨ ਝੱਟਪੱਟ ਬੰਦ ਨਹੀਂ ਕੀਤੇ ਜਾਣਗੇ, ਸਗੋਂ ਜਿ ਕਿਸੇ ਸਕੂਲ ਇਸ ਦੌਰਾਨ ਕਾਫੀ ਨੁਕਸਾਨ ਜਾਂ ਬਿਜਲੀ ਬੰਦ ਹੋ ਜਾਵੇ ਜਿਸ ਨਾਲ ਕੋਈ ਸਕੂਲ ਸੁਰਿੱਖਅਤ ਤਰੀਕੇ ਨਾਲ ਨਾਂ ਚਲ ਸਕੇ, ਤਾ ਬੰਦ ਕਰਨ ਦੀ ਤਜ਼ਵੀਜ਼ ਬਣਦੀ ਹੈ। ਇਸ ਲਈ ਜਦੋਂ ਸਕੂਲ ਖੁਲ੍ਹੇ ਹਨ ਤਾਂ ਕਿਸੇ ਵੀ ਕਿਸਮ ਦੀ ਜਾਣਕਾਰੀ ਰੇਡੀਓ ਜਾਂ ਟੀ.ਵੀ. ਰਾਹੀਂ ਨਹੀਂ ਦਿੱਤੀ ਜਾਏਗੀ, ਇਸ ਤਰਾਂ ਦੀ ਜਾਣਕਾਰੀ ਓਦੋਂ ਹੀ ਦਿੱਤੀ ਜਾਵੇਗੀ ਜਦੋਂ ਕੋਈ ਸਕੂਲ ਜਾਂ ਸਾਰੇ ਸਕੂਲਾਂ ਨੂੰ ਬੰਦ ਕਰਨਾਂ ਪਵੇ।

- ਸਕੂਲ ਡਿਸਟਰਿਕਟ ਮਾਪਿਆਂ ਦੇ ਫੈਸਲੇ ਨਾਲ ਸਹਿਮਤ ਹੈ ਜਦੋਂ ਓਹ ਬੱਚਿਆਂ ਦੀ ਸੁਰਿੱਖਆ ਲਈ ਕੀਤੇ ਜਾਂਦੇ ਹਨ। ਬੱਚਿਆਂ ਅਤੇ ਸਕੂਲਾਂ ਦੇ ਸਟਾਫ ਦੀ ਸੁਰਿੱਖਆ ਸਕੂਲ ਡਿਸਟਰਿਕਟ ਲਈ ਇੱਕ ਓਤਮ ਨਿਸ਼ਾਨਾ ਹੈ। ਮਾਪਿਆਂ ਦੀ ਇਹ ਖਾਸ ਜ਼ਿਮੇਵਾਰੀ ਕਿ ਓਹਨਾਂ ਦੇ ਬੱਚੇ ਸੁਰਿਖਅਕ ਢੰਘ ਨਾਲ ਸਕੂਲ ਪਹੁੰਚ ਸਕਣ ਅਤੇ ਨਾਲ ਇਹ ਵੀ ਫੈਸਲਾ ਕਰਨਾ ਕਿ ਤੁਹਾਡੇ ਆਂਢ ਗੁਆਂਢ ਸੜਕਾਂ ਵਿੱਚ ਚਲਣਾ ਸੁਰਿਖਅਕ ਹੈ ਜਾਂ ਨਹੀਂ। ਕਈ ਵਾਰ ਬੱਚਿਆਂ ਲਈ ਸਕੂਲ ਨੂੰ ਸਮੇਂ ਸਿਰ ਆਂਓਣਾ, ਜਦੋਂ ਬਰਫ ਹੋਵੇ, ਬਹੁਤ ਔਖਾ ਹੈ, ਇਸ ਵੇਲੇ ਓਹਨਾਂ ਦਾ ਸਕੂਲ ਲੇਟ ਪਹੁੰਚਣਾ ਕੋਈ ਸਜ਼ਾ ਲਾਇਕ ਨਹੀਂ ਹੋਵੇਗਾ। ਕਿਓਂਕਿ ਆਮ ਤੌਰ ਓਪਰ ਸਕੂਲ ਖੁਲ੍ਹੇ ਹੀ ਹੋਣਗੇ, ਸਕੂਲ ਆਓਣਾਂ ਜਾਂ ਪਹੁੰਚਣਾ ਪ੍ਰੀਵਾਰ ਦੀ ਆਪਣੀ ਜ਼ਿਮੇਵਾਰੀ ਹੈ। ਅਗਰ ਨਹੀਂ ਆਓਣਾਂ ਤਾ ਸਕੂਲ ਨੂੰ ਫੋਨ ਜਾਂ ਈ ਮੇਲ ਰਾਹੀਂ ਦਸੱਣਾ ਠੀਕ ਹੋਵੇਗਾ ਇਸ ਤਰਾਂ ਦੀ ਗੈਰ ਹਾਜ਼ਰੀ ਜੋ ਮੌਸਮ ਕਾਰਨ ਹੈ, ਓਹ ਮੁਆਫ ਹੈ
- ਹੋ ਸਕਦਾ ਹੈ ਕਿ ਮੌਸਮ ਕਾਰਣ ਸਕੂਲ ਲੇਟ ਸ਼ੁਰੂ ਹੋਣ। ਇਸ ਤਰਾਂ ਦਾ ਫੈਸਲਾ ਟੀ.ਵੀ. ਰੇਡੀਓ ਜਾਂ ਸਕੂਲ ਡਿਸਟਰਿਕਟ ਦੀ ਵੈਬ ਸਾਈਟ ਓਪਰ ਦਰਸਾਇਆ ਜਾਏਗਾ। ਲੇਟ ਖੌਲ੍ਹਣ ਦਾ ਮਕਸਦ ਹੈ ਕਿ ਸਕੂਲ ਵਿੱਚ ਮੌਸਮ ਜਾਂ ਬਿਜਲੀ ਸਬੰਧੀ ਰੁਕਾਵਟ ਦਾ ਹੱਲ ਲੱਭ ਲਿਆ ਜਾਵੇ।
- ਸਕੂਲ ਰਿਸਟਰਿਕਟ ਵਲੋਂ ਹਰ ਕੋਸ਼ਿਸ਼ ਕੀਤੀ ਜਾਏਗੀ ਕਿ ਸਕੂਲਾਂ ਨੂੰ ਬੰਦ ਕਰਨ ਦੀ ਸੂਚਨਾ 6:30 ਵਜੇ ਸਵੇਰੇ ਮਾਪਿਆਂ ਤੱਕ ਰੇਡੀਓ, ਟੀ.ਵੀ. ਜਾਂ ਵੈਬ ਸਾਈਟ ਰਾਹੀਂ ਸਾਂਝੀ ਕੀਤੀ ਜਾਵੇ। ਕਿਓਂਕਿ ਮੌਸਮ ਜਾਂ ਸੜਕਾਂ ਦੀ ਹਾਲਤ ਝੱਟਪੱਟ ਸੁਧਰ ਸਕਦੀ ਹੈ, ਇਸ ਲਈ ਇਹ ਫੈਸਲਾ ਕਰਨਾਂ ਸਵੇਰੇ ਸਵਖਤੇ ਜ਼ਰੂਰੀ ਹੈ।
- ਯਾਦ ਰਹੇ ਕਿ ਇਸ ਤਰਾਂ ਦੀ ਖਬਰ ਓਦੋਂ ਹੀ ਸਾਂਝੀ ਕੀਤੀ ਜਾਵੇਗੀ ਜਦੋਂ ਕੋਈ ਸਕੂਲ਼ ਬੰਦ ਕਰਨਾ ਪਵੇ, ਅਗਰ ਸਕੂਲ ਖੁਲ੍ਹੇ ਹਨ ਤਾਂ ਕੋਈ ਵੀ ਸੂਚਨਾ ਨਹੀਂ ਦਿੱਤੀ ਜਾਵੇਗੀ।

### ਬੱਸਾਂ ਦੀ ਖਬਰ

ਇਸ ਤਰਾਂ ਦੇ ਮੌਸਮ ਦੀ ਹਾਲਤ ਵਿੱਚ ਜਿਹੜੀਆਂ ਬੱਸਾਂ ਅਪਾਹਿਜ ਬੱਚਿਆਂ ਨੂੰ ਚੁੱਕਦੀਆਂ ਹਨ, ਓਹਨਾਂ ਦੇ ਟਾਈਮ ਟੇਬਲ ਵਿੱਚ ਕਾਫੀ ਤਬਦੀਲੀਆਂ ਆਂਓਂਦੀਆ ਹਨ। ਇਹ ਜਾਣਕਾਰੀ ਵੀ ਰੇਡੀਓ, ਟੀ.ਵੀ ਜਾਂ ਡਿਸਟਰਿਕਟ ਦੀ ਵੈਬ ਸਾਈਟ ਰਾਹੀਂ ਸਾਂਝੀ ਕੀਤੀ ਜਾਏਗੀ।

### ਲੇਟ ਖੌਲ੍ਹਣ ਜਾਂ ਸਕੂਲ ਬੰਦ ਕਰਨ ਦੀ ਸੂਚਨਾ

ਅਗਰ ਸਕੂਲ ਬੰਦ ਕਰਨ ਜਾਂ ਲੇਟ ਖੌਲ੍ਹਣ ਦੀ ਤਜ਼ਵੀਜ਼ ਬਣੇ ਤਾਂ ਇਹ ਜਾਣਕਾਰੀ ਸਕੂਲ ਦੀ ਵੈਬ ਸਾਈਟ ਤੋਂ ਮਿਲੇਗੀ (**www.surreyschools.ca**) ਅਤੇ ਇਹਨਾਂ ਰੇਡੀਓ ਸਟੇਸ਼ਨਾਂ ਤੋਂ ਵੀ ਪਰਸਾਰਿਤ ਕੀਤੀ ਜਾਏਗੀ

- News 1130 (1130 AM) www.1130.com
- CBC Radio (690 AM) www.cbc.ca/bc
- Red-FM (93.1 FM) www.redfm.ca
- Red-FM (93.1 FM)
- CTV News Vancouver
- Global News BC

ਇਹ ਜਾਣਕਾਰੀ ਇਨ੍ਹਾਂ ਓਪਰ ਲਿਖੇ ਸਟੇਸ਼ਨਾਂ ਦੀਆਂ ਵੈਬ ਸਾਈਟਾਂ ਜਾਂ ਅਖਬਾਰਾਂ ਤੋਂ ਵੀ ਮਿਲਣ ਦੀ ਵੀ ਸਭੰਾਵਨਾ ਹੈ। ਕਿਰਪਾ ਕਰਕੇ ਰੇਡੀਓ ਸਟੇਸ਼ਨਾਂ ਨੂੰ ਜਾਂ ਟੀ.ਵੀ ਸਟੇਸ਼ਨਾਂ ਨੂੰ ਫੋਨ ਨਾਂ ਕਰਨਾਂ ਕਿਓਂਕਿ ਓਹਨਾਂ ਦੇ ਸਟਾਫ ਆਪਣੀਆਂ ਹੋਰ ਜ਼ਿਮੇਵਾਰੀਆਂ ਵਿੱਚ ਰੁੱਝੇ ਹੋਏ ਹੁੰਦੇ ਹਨ।